The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




13 DECEMBER 2019 Daily, editornztasveer@gmail.com designnztasveer@gmail.com Ph/Fax: 09 390 4644

# ਨਿਊਜ਼ੀਲੈਂਡ ਨੇ ਧਮਾਕੇ ਚ ਝੁਲਸੇ ਲੋਕਾਂ ਦੇ ਇਲਾਜ ਲਈ 1292 ਵਰਗ ਫੁੱਟ ਸਕਿਨ ਕੀਤੀ ਆਰਡਰ

ਵੈਲਿੰਗਟਨ (ਭਾਸ਼ਾ): ਨਿਊਜ਼ੀਲੈਂਡ ਦੇ ਵ੍ਹਾਈਟ ਟਾਪੂ ਵਿਚ ਸੋਮਵਾਰ ਨੂੰ ਜਵਾਲਾਮਖੀ ਧਮਾਕੇ ਨਾਲ ਜ਼ਖਮੀ (ਝੁਲਸੇ) ਲੋਕਾਂ ਦੇ ਇਲਾਜ ਲਈ ਸਰਕਾਰ ਨੇ 1292 ਵਰਗ ਫੁੱਟ ਦੀ ਮਨੁੱਖੀ ਸਕਿਨ ਦਾ ਆਰਡਰ ਦਿੱਤਾ ਹੈ। ਸੋਮਵਾਰ ਨੂੰ ਫਟੇ ਜਵਾਲਾਮੁਖੀ ਵਿਚ ਬੁੱਧਵਾਰ ਤੱਕ ਮਰਨ ਵਾਲਿਆਂ ਦੀ ਗਿਣਤੀ ਦਾ ਅੰਕੜਾ 10 ਹੋ ਗਿਆ, ਜਦਕਿ 26 ਗੰਭੀਰ ਰੂਪ ਨਾਲ ਸੜ ਗਏ ਹਨ। ਇਹ ਸਾਰੇ ਆਈ.ਸੀ.ਯੂ. ਵਿਚ ਭਰਤੀ ਹਨ। ਬਾਕੀ ਮਾਮੂਲੀ ਰੂਪ ਨਾਲ ਝੁਲਸੇ ਹਨ। ਹਾਦਸੇ ਦੇ ਸਮੇਂ ਟਾਪੂ 'ਤੇ 47 ਸੈਲਾਨੀ ਸਨ। ਮੈਡੀਕਲ ਮਾਹਰਾਂ ਦਾ ਕਹਿਣਾ ਹੈ ਕਿ ਪੀੜਤਾਂ ਦੇ ਇਲਾਜ ਲਈ ਸਕਿਨ ਦੀ ਬਹੁਤ ਲੋੜ ਹੈ। ਜਿਆਦਾਤਰ ਲੋਕ ਗੈਸ ਅਤੇ ਸਵਾਹ ਨਾਲ ਜ਼ਖਮੀ ਹੋਏ। 27 ਮਰੀਜ਼ 30 ਫੀਸਦੀ ਤੋਂ ਜ਼ਿਆਦਾ ਝੁਲਸ ਗਏ ਹਨ। ਜ਼ਿਲਾ ਹੈਲਥ ਬੋਰਡ ਦੇ ਅਫਸਰ ਪੀਟਰ ਵਾਟਸਨ ਨੇ ਕਿਹਾ ਕਿ ਅਸੀਂ ਸਾਰਿਆਂ ਦਾ ਇਲਾਜ ਕਰ ਰਹੇ ਹਾਂ ਪਰ 1292 ਵਰਗ ਫੁੱਟ ਵਾਧੂ ਸਕਿਨ ਦੀ ਲੋੜ ਹੋਵੇਗੀ। ਅਸੀਂ ਅਮਰੀਕਾ ਤੋਂ ਸਕਿਨ ਮੰਗਾ ਰਹੇ ਹਾਂ। ਆਰਡਰ ਭੇਜਿਆ ਗਿਆ ਹੈ। ਵੀਰਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਵਿਚ ਨਿਊਜ਼ੀਲੈਂਡ ਦੇ ਸਿਹਤ ਮੰਤਰਾਲੇ ਦੇ ਡਾਇਰੈਕਟਰ ਜਨਰਲ ਏਸ਼ਲੇ ਬਲੂਮਫੀਲਡ ਨੇ ਕਿਹਾ ਕਿ ਦੇਸ਼ ਅਮਰੀਕਾ ਦੇ ਇਕ ਸਕਿਨ ਬੈਂਕ ਤੋਂ ਹਾਸਲ ਕੀਤੀ ਸਕਿਨ ਦੇ ਲਈ 1.5 ਮਿਲੀਅਨ ਨਿਊਜ਼ੀਲੈਂਡ ਡਾਲਰ (ਕਰੀਬ 1 ਮਿਲੀਅਨ ਡਾਲਰ) ਦਾ ਭੁਗਤਾਨ ਕਰੇਗਾ। ਇਸ ਦੇ ਇਲਾਵਾ ਆਸਟ੍ਰੇਲੀਆ ਦੇ ਟਿਸ਼ੂ ਅਤੇ ਸਕਿਨ ਬੈਂਕ ਨੂੰ ਵੀ ਆਰਡਰ ਦਿੱਤਾ ਗਿਆ ਹੈ। ਨਿਊਜ਼ੀਲੈਂਡ ਦੀ ਜਿਓ ਸਾਇੰਸ ਏਜੰਸੀ ਨੇ ਮੰਗਲਵਾਰ ਨੂੰ ਦੱਸਿਆ ਸੀ ਕਿ ਜਵਾਲਾਮਖੀ ਦਾ ਧਮਾਕਾ ਕਾਫੀ ਘੱਟ ਸਮੇਂ ਲਈ ਸੀ। ਭਾਵੇਂਕਿ ਇਸ ਦਾ ਧੂੰਆਂ ਅਤੇ ਸਵਾਹ ਆਸਮਾਨ ਵਿਚ ਕਰੀਬ 12 ਹਜ਼ਾਰ ਫੁੱਟ (3658) ਤੱਕ ਉੱਪਰ ਪਹੁੰਚ ਗਈ। ਹੁਣ ਇਸ ਦੇ ਦੁਬਾਰਾ ਫੱਟਣ ਦੀ ਸੰਭਾਵਨਾ ਘੱਟ ਹੈ। ਵ੍ਹਾਈਟ ਟਾਪੂ 'ਤੇ ਮੌਜੂਦ ਇਸ ਜਵਾਲਾਮੁਖੀ ਨੂੰ ਕਾਫੀ ਕਿਰਿਆਸ਼ੀਲ ਮੰਨਿਆ ਜਾਂਦਾ ਹੈ।

# ਬਰਤਾਨੀਆ ਦਾ ਭਵਿੱਖ ਤੈਅ ਕਰਨ ਲਈ ਅਹਿਮ ਮੰਨੀਆਂ ਜਾ ਰਹੀਆਂ ਹਨ ਬਰਤਾਨਵੀ ਆਮ ਚੋਣਾਂ 2019

**☛ ਬ੍ਰੈਗਜਿਟ ਬਣ ਚੁੱਕਿਐ ਗਲੇ ਦੀ ਹੱਡੀ ☛ 5 ਸਾਲ 'ਚ 3 ਵਾਰ ਹੋ ਚੁੱਕੀਆਂ ਹਨ ਆਮ ਚੋਣਾਂ ☛ ਬੈਲਟ ਪੇਪਰ ਨਾਲ ਪੈ ਰਹੀਆਂ ਵੋਟਾਂ 'ਚ ਸ਼ਾਂਤੀ ਦਾ ਪਸਾਰਾ**

ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਬਰਤਾਨੀਆ ਪਿਛਲੇ ਪੰਜ ਸਾਲਾਂ ਤੋਂ ਨਿਰੰਤਰ ਚੋਣਾਂ ਚੋਣਾਂ ਦੀ ਖੇਡ ਖੇਡਦਾ ਨਜ਼ਰ ਆ ਰਿਹਾ ਹੈ। ਪਿਛਲੇ ਪੰਜ ਸਾਲਾਂ ਵਿੱਚ 3 ਵਾਰ ਆਮ ਚੋਣਾਂ ਦਾ ਬੋਝ ਆਮ ਲੋਕਾਂ ਨੂੰ ਵੀ ਝੱਲਣਾ ਪਿਆ ਹੈ। ਬ੍ਰੈਗਜਿਟ ਨਾਮ ਦੀ ਗੇਂਦ ਬਰਤਾਨਵੀ ਸਿਆਸਤ ਦੇ ਮੈਦਾਨ ਵਿੱਚ ਐਸੀ ਡਿੱਗੀ ਕਿ ਆਏ ਦਿਨ ਕੋਈ ਨਾ ਕੋਈ ਟੂੱਲ ਲਗਦਾ ਹੀ ਰਹਿੰਦਾ ਹੈ ਪਰ ਗੱਲ ਕਿਸੇ ਸਿਰੇ ਲਗਦੀ ਨਜ਼ਰ ਫਿਰ ਵੀ ਨਹੀਂ ਆ ਰਹੀ। ਜਿਕਰਯੋਗ ਹੈ ਕਿ ਕਨਜਰਵੇਟਿਵ ਪਾਰਟੀ ਵੱਲੋਂ ਬਹੁਮਤ ਹਾਸਲ ਕਰਨ ਮਗਰੋਂ ਡੇਵਿਡ ਕੈਮਰਨ ਨੇ 11 ਮਈ 2010 ਨੂੰ ਬਰਤਾਨੀਆ ਦੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ ਤਾਂ ਉਸ ਵੱਲੋਂ ਬਰਤਾਨੀਆ ਤੇ ਯੂਰਪੀਨ ਯੂਨੀਅਨ ਦੇ ਰਿਸ਼ਤੇ ਸੰਬੰਧੀ ਚਾਰਾਜੋਈ ਤਾਂ ਕੀਤੀ ਗਈ ਪਰ ਬੂਰ ਨਾ ਪਿਆ। ਅਖੀਰ ਲੋਕ ਰਾਇ ਲੈਣ ਲਈ 23 ਜੂਨ 2016 ਦਾ ਦਿਨ ਰਾਇਸ਼ੁਮਾਰੀ ਦਾ ਦਿਨ ਮਿਥਿਆ ਗਿਆ। ਜਿਸ ਵਿੱਚ 33577342 ਕੁੱਲ ਵੋਟਾਂ ਵਿੱਚੋਂ 17410742 (51.89%) ਵੋਟਾਂ ਯੂਰਪੀਅਨ ਸੰਘ ਨੂੰ ਛੱਡਣ ਦੇ ਹੱਕ ਵਿੱਚ ਅਤੇ 16141241 (48.11%) ਵੋਟਾਂ ਯੂਰਪੀਨ ਸੰਘ ਨਾਲ ਰਹਿਣ ਦੇ ਹੱਕ ਵਿੱਚ ਭੁਗਤੀਆਂ ਸਨ। ਪਹਿਲਾਂ ਕੀਤੇ ਐਲਾਨ ਅਨੁਸਾਰ ਡੇਵਿਡ ਕੈਮਰਨ ਆਪਣੇ ਗਲੋਂ ਇਹ ਮਸਲਾ ਲਾਹ ਕੇ 13 ਜੁਲਾਈ 2016 ਨੂੰ ਅਸਤੀਫਾ ਦੇ ਗਏ। ਉਹਨਾਂ ਤੋਂ ਬਾਅਦ ਉਸੇ ਪਾਰਟੀ ਦੀ ਹੀ ਪ੍ਰਮੁੱਖ ਥੈਰੇਸਾ ਮੇ ਅਨੇ 13 ਜੁਲਾਈ 2016 ਵਾਲੇ ਦਿਨ ਤੋਂ ਪ੍ਰਧਾਨ ਮੰਤਰੀ ਵਜੋਂ ਸੂਲਾਂ ਵਾਲਾ ਤਾਜ਼ ਪਹਿਨਿਆ। 8 ਜੂਨ 2017 ਨੂੰ ਹੋਈਆਂ ਆਮ ਚੋਣਾਂ ਵਿੱਚ ਕਨਜਰਵੇਟਿਵ ਪਾਰਟੀ ਵੱਲੋਂ ਮੁੜ ਮੁੱਖ ਚੇਹਰੇ ਵਜੋਂ ਥੈਰੇਸਾ ਮੇ ਸਾਹਮਣੇ ਆਈ। ਲੇਬਰ ਪਾਰਟੀ ਦੇ ਜੈਰੇਮੀ ਕੌਰਬਿਨ ਦੇ ਵਿਰੁੱਧ 317-262 ਸੀਟਾਂ ਦੇ ਫਰਕ ਨਾਲ ਥੈਰੇਸਾ ਮੇ ਫਿਰ ਪ੍ਰਧਾਨ ਮੰਤਰੀ ਬਣੀ।

**ਅੱਜ ਦਾ ਦਿਨ**

ਬਰਤਾਨਵੀ ਇਤਿਹਾਸ ਵਿੱਚ ਪਹਿਲੀ ਵਾਰ ਆਮ ਚੋਣਾਂ ਦਸੰਬਰ 1923 ਵਿੱਚ ਹੋਈਆਂ ਸਨ। ਅੱਜ 650 ਸੀਟਾਂ ਲਈ ਹੋ ਰਹੀਆਂ ਇਹਨਾਂ ਚੋਣਾਂ ਵਿੱਚ ਕਨਜਰਵੇਟਿਵ ਪਾਰਟੀ ਵੱਲੋਂ 635, ਲੇਬਰ ਵੱਲੋਂ 632, ਲਿਬਰਲ ਡੈਮੋਕਰੇਟਿਕ ਵੱਲੋਂ 611, ਗਰੀਨ ਪਾਰਟੀ ਵੱਲੋਂ 498 ਉਮੀਦਵਾਰ ਮੈਦਾਨ ਵਿੱਚ ਹਨ। ਇਸੇ ਤਰ੍ਹਾਂ ਹੀ ਹੋਰ ਪਾਰਟੀਆਂ ਵੱਲੋਂ ਵੀ ਆਪਣੇ ਆਧਾਰ ਅਨੁਸਾਰ ਉਮੀਦਵਾਰ ਮੈਦਾਨ ਵਿੱਚ ਉਤਾਰੇ ਗਏ ਹਨ। ਪ੍ਰਮੁੱਖ 8 ਪਾਰਟੀਆਂ ਦੇ 80 ਫੀਸਦੀ ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਵੱਡੀ ਗੱਲ ਇਹ ਹੈ ਕਿ ਬਰਤਾਨੀਆਂ ਦੀਆਂ ਇਹ ਆਮ ਚੋਣਾਂ ਸਮੁੱਚੇ ਵਿਸ਼ਵ ਲਈ ਇਸ ਗੱਲੋਂ ਵੀ ਸਬਕ ਹਨ ਕਿ ਨਾ ਤਾਂ ਕਿੱਧਰੇ ਕੋਈ ਸ਼ੋਰ ਸ਼ਰਾਬਾ ਨਜ਼ਰ ਆ ਰਿਹਾ ਹੈ, ਨਾ ਹੀ ਕਿਧਰੇ ਕੋਈ ਵਿਸ਼ੇਸ਼ ਸੁਰੱਖਿਆ ਪ੍ਰਬੰਧ ਦਿਖਾਈ ਦੇ ਰਹੇ ਹਨ। ਬੈਲਟ ਪੇਪਰਾਂ ਰਾਂਹੀਂ ਪੈ ਰਹੀਆਂ ਵੋਟਾਂ ਵਿੱਚ ਈਵੀਐੱਮ ਵਰਗੀ ਕਿਸੇ ਤਕਨੀਕ ਦਾ ਨਾਮੋ-ਨਿਸ਼ਾਨ ਤੱਕ ਨਹੀਂ ਹੈ। ਸਮੁੱਚੇ ਦੇਸ਼ ਦੀਆਂ 650 ਸੀਟਾਂ ਵਿੱਚੋਂ 533 ਇੰਗਲੈਂਡ, 59 ਸਕਾਟਲੈਂਡ, 40 ਵੇਲਜ਼ ਅਤੇ 18 ਉੱਤਰੀ ਆਇਰਲੈਂਡ ਅਧੀਨ ਆਉਂਦੀਆਂ ਹਨ। ਚੋਣਾਂ ਲੜਨ ਲਈ ਕਾਗਜ਼ ਭਰਨ ਦੀ ਆਖਰੀ ਮਿਤੀ 14 ਨਵੰਬਰ 2019 ਤੱਕ ਦੇ ਅੰਕੜੇ ਦੱਸਦੇ ਹਨ ਕਿ ਕੁੱਲ 3415 ਉਮੀਦਵਾਰਾਂ ਨੇ ਇਹਨਾਂ ਚੋਣਾਂ ਵਿੱਚ ਜ਼ੋਰ-ਅਜ਼ਮਾਈ ਕਰਨੀ ਹੈ। ਜਦੋਂਕਿ 2017 ਵਿੱਚ ਇਹ ਗਿਣਤੀ 3303 ਅਤੇ 2015 ਵਿੱਚ 3971 ਸੀ। ਵੱਖ ਵੱਖ ਪਾਰਟੀਆਂ ਦੇ ਮੁਖੀਆਂ ਅਤੇ ਉਮੀਦਵਾਰਾਂ ਨੇ ਆਪਣੀ ਵੋਟ ਦਾ ਇਸ਼ਤੇਮਾਲ ਕਰਦਿਆਂ ਵੋਟਰਾਂ ਨੂੰ ਵੱਧ ਤੋ ਵੱਧ ਗਿਣਤੀ ਵਿੱਚ ਵੋਟਾਂ ਪਾਉਣ ਜਾਣ ਲਈ ਅਪੀਲ ਕੀਤੀ ਤਾਂ ਕਿ ਬਰਤਾਨੀਆ ਦਾ ਭਵਿੱਖ ਤਹਿ ਕਰਨ ਲਈ ਆਪੋ ਆਪਣਾ ਯੋਗਦਾਨ ਪਾਇਆ ਜਾ ਸਕੇ। ਇਹਨਾਂ ਚੋਣਾਂ ਵਿੱਚ ਸਭ ਤੋਂ ਛੋਟੀ ਉਮਰ ਦੀ ਉਮੀਦਵਾਰ ਵਜੋਂ ਹੌਰਨਚਰਚ ਐਂਡ ਅਪਮਿਨਸਟਰ ਤੋਂ 24 ਸਾਲਾ ਟੈਲੇ ਲਾਵਲ ਚੋਣ ਲੜ ਰਹੀ ਹੈ।

**ਭਾਰਤੀ ਮੂਲ ਦੇ ਲੋਕ ਬਨਾਮ ਆਮ ਚੋਣਾਂ**

ਇਹਨਾਂ ਚੋਣਾਂ ਵਿੱਚ ਭਾਰਤੀ ਚੋਣਾਂ ਦਾ ਪ੍ਰਛਾਵਾਂ ਨਜ਼ਰੀਂ ਪੈਂਦਾ ਆਮ ਹੀ ਮਹਿਸੂਸ ਹੋ ਰਿਹਾ ਜਾਪਦਾ ਸੀ। ਪ੍ਰਚਾਰ ਵੇਲੇ ਉਮੀਦਵਾਰਾਂ ਵੱਲੋਂ ਵੱਖ ਵੱਖ ਭਾਰਤੀ ਧਾਰਮਿਕ ਅਸਥਾਨਾਂ ਤੱਕ ਪਹੁੰਚ ਬਨਾਉਣ ਨੂੰ ਵੀ ਆਪਣੇ ਪ੍ਰਚਾਰ ਢੰਗ ਦਾ ਹਿੱਸਾ ਬਣਾਇਆ ਗਿਆ। ਮੰਦਰ, ਗੁਰਦੁਆਰਿਆਂ ਤੱਕ ਪਹੁੰਚ ਬਣਾ ਕੇ ਵੋਟਾਂ ਹਥਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਭਾਰਤੀ ਭਾਈਚਾਰੇ ਵਿੱਚ ਵਿਚਰਦਿਆਂ ਉਹਨਾਂ ਨੂੰ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਭਾਰਤ ਅਤੇ ਉਹਨਾਂ ਦੀ ਪਾਰਟੀ ਦਾ ਬਹੁਤ ਗੂੜ੍ਹਾ ਸੰਬੰਧ ਹੈ।

**ਭਾਰਤੀ ਮੂਲ ਦੇ ਉਮੀਦਵਾਰ**

ਇਹਨਾਂ ਚੋਣਾਂ ਵਿੱਚ ਭਾਰਤੀ ਮੂਲ ਦੇ 17 ਉਮੀਦਵਾਰਾਂ ਵਿੱਚੋਂ 15 ਉਮੀਦਵਾਰ ਪੰਜਾਬੀ ਮੂਲ ਦੇ ਹਨ। ਭਾਰਤੀ ਮੂਲ ਦੇ ਉਮੀਦਵਾਰਾਂ ਵਿੱਚੋਂ ਗ੍ਰਹਿ ਮੰਤਰੀ ਰਹਿ ਚੁੱਕੀ ਪ੍ਰੀਤੀ ਪਟੇਲ, ਅਲੋਕ ਸ਼ਰਮਾ ਹਨ ਜਦੋਂ ਕਿ ਪੰਜਾਬੀ ਮੂਲ ਦੇ ਉਮੀਦਵਾਰਾਂ ਵਿੱਚ ਸਲੌਅ ਤੋਂ ਤਨਮਨਜੀਤ ਸਿੰਘ ਢੇਸੀ, ਸਾਊਥਾਲ ਈਲਿੰਗ ਤੋਂ ਵੀਰੇਂਦਰ ਸ਼ਰਮਾ, ਐਜ਼ਬਾਸਟਨ ਤੋਂ ਪ੍ਰੀਤ ਕੌਰ ਗਿੱਲ, ਪੈਲਥਮ ਹੈਸਟਨ ਤੋਂ ਸੀਮਾ ਮਲਹੋਤਰਾ, ਸਲੌਅ ਤੋਂ ਕੰਨਵਲ ਤੂਰ ਗਿੱਲ, ਵਾਲਸਾਲ ਦੱਖਣੀ ਤੋਂ ਗੁਰਜੀਤ ਕੌਰ ਬੈਂਸ, ਪੂਰਬੀ ਡਨਬਾਰਟਨਸ਼ਾਇਰ ਤੋਂ ਪੈਮ ਕੌਰ ਗੋਸਲ ਬੈਂਸ, ਬਰਮਿੰਘਮ ਹੌਜ ਹਿੱਲ ਤੋਂ ਅਕਾਲ ਸਿੰਘ ਸਿੱਧੂ, ਬਰਿਸਟਲ ਪੱਛਮੀ ਤੋਂ ਸੂਰੀਆ ਕੌਰ ਔਜਲਾ, ਦੱਖਣੀ ਬਰੈਡਫੋਰਡ ਤੋਂ ਨਰਿੰਦਰ ਕੌਰ ਸੇਖੋਂ, ਸਪਿਲਥੋਰਨ ਤੋਂ ਪਵਿੱਤਰ ਕੌਰ ਮਾਨ, ਲੁਡਲੋਅ ਤੋਂ ਕੁਲਦੀਪ ਸਿੰਘ ਸਹੋਤਾ, ਦੱਖਣ ਪੂਰਬੀ ਵੁਲਵਰਹੈਂਪਟਨ ਤੋਂ ਰਾਜ ਝੱਗਰ, ਉੱਤਰੀ ਲੂਟਨ ਤੋਂ ਜੀਤ ਬੈਂਸ, ਉੱਤਰੀ ਲੂਟਨ ਤੋਂ ਸੁਧੀਰ ਸ਼ਰਮਾ ਆਦਿ ਆਪਣੀ ਕਿਸਮਤ ਅਜਮਾ ਰਹੇ ਹਨ। ਬਰਤਾਨੀਆ ਦੇ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਵੋਟਾਂ ਪੈਣ ਉਪਰੰਤ ਵੋਟਾਂ ਦੀ ਗਿਣਤੀ ਸ਼ੁਰੂ ਹੋਵੇਗੀ। ਭਾਰਤ ਵਿੱਚ 13 ਦਸੰਬਰ ਦਾ ਸੂਰਜ ਚੜ੍ਹਨ ਤੋਂ ਬਾਅਦ ਹੀ ਬਰਤਾਨੀਆ ਨੂੰ ਨਵਾਂ ਪ੍ਰਧਾਨ ਮੰਤਰੀ ਮਿਲ ਚੁੱਕਿਆ ਹੋਵੇਗਾ।

# ਵ੍ਹਾਈਟ ਆਈਸਲੈਂਡ 'ਤੇ ਜਾਦੂਮਈ ਢੰਗ ਨਾਲ ਬਚਿਆ ਜੋੜਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਜਿਸ ਨੂੰ ਰੱਬ ਨੇ ਰੱਖਣਾ ਹੁੰਦਾ ਹੈ ਉਹ ਅੱਗ ਦੇ ਸਮੁੰਦਰ ਵਿੱਚੋਂ ਵੀ ਬਚ ਨਿਕਲਦਾ ਹੈ ਅਜਿਹਾ ਹੀ ਚਮਤਕਾਰ ਵ੍ਹਾਈਟ ਆਈਲੈਂਡ 'ਤੇ ਵਾਪਰਿਆ। ਜਦੋਂ ਇੱਕ ਅਮਰੀਕੀ ਜੋੜਾ ਇਸ ਟਾਪੂ 'ਤੇ ਹਨੀਮੂਨ ਮਨਾਉਣ ਪਹੁੰਚਿਆ ਹੋਇਆ ਸੀ। ਧਮਾਕੇ ਤੋਂ 10 ਮਿੰਟ ਪਹਿਲਾਂ ਉਨਹਾਂ ਵੱਲੋਂ ਇੱਕ ਪਹਾੜੀ ਦੇ ਹੇਠ ਲੁੱਕ ਜਾਣਾ ਉਨ੍ਹਾਂ ਲਈ ਵਰਦਾਨ ਸਾਬਿਤ ਹੋਇਆ, ਦੂਜਾ ਜੋੜੇ ਕੋਲ ਮਾਸਕ ਮੌਜੂਦ ਸਨ ਜਿਨ੍ਹਾਂ ਨਾਲ ਇਨ੍ਹਾਂ ਦੇ ਸ਼ਰੀਰ ਵਿੱਚ ਕੋਈ ਜਹਿਰੀਲੀ ਗੈਸ ਨਹੀਂ ਪਹੁੰਚ ਸਕੀ। ਹਾਲਾਂਕਿ ਹੁਣ ਦੋਵੇਂ ਹਸਪਤਾਲ ਵਿੱਚ ਜੇਰੇ ਇਲਾਜ ਹਨ।

# ਵ੍ਹਾਈਟ ਆਈਸਲੈਂਡ 'ਤੇ ਜਖਮੀ ਹੋਣ ਵਾਲਿਆਂ 'ਚ ਚਾਰ ਭਾਰਤੀ ਸ਼ਾਮਿਲ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵ੍ਹਾਈਟ ਆਈਲੈਂਡ ਦੇ ਫਟਣ ਕਾਰਨ ਪ੍ਰਭਾਵਿਤ ਹੋਏ ਭਾਰਤੀ ਮੂਲ ਦੇ ਲੋਕਾਂ ਦੀ ਕੁੱਲ ਸੰਖਿਆ ਚਾਰ ਹੋ ਗਈ ਹੈ। ਜਵਾਲਾਮੁਖੀ ਫਟਣ ਨਾਲ ਦੋ ਹੋਰ ਬਚੇ ਵਿਅਕਤੀਆਂ ਦੀ ਪਛਾਣ ਭਾਰਤੀ ਮੂਲ ਦੇ ਆਸਟਰੇਲੀਆਈ ਨਾਗਰਿਕ ਜਤਿਨ ਸਚਦੇਵਾ (47) ਅਤੇ ਮੋਹਿਤਾ ਸਚਦੇਵਾ (46) ਵਜੋਂ ਹੋਈ ਹੈ।

ਇਸ ਤੋਂ ਪਹਿਲਾਂ ਨਿਊਜ਼ੀਲੈਂਡ ਦੇ ਹਸਪਤਾਲਾਂ ਵਿਚ ਇਕ ਯੂਐਸ-ਅਧਾਰਤ ਭਾਰਤੀ ਮੂਲ ਦੇ ਜੋੜੇ ਪ੍ਰਤਾਪ ਸਿੰਘ (49) ਅਤੇ ਮਯੂਰੀ ਸਿੰਘ (42) ਦੇ ਹੋਣ ਦੀ ਖ਼ਬਰ ਦਿੱਤੀ ਸੀ।

ਜਤਿਨ ਅਤੇ ਮੋਹਿਤਾ, ਹਾਲਾਂਕਿ, ਸਿੱਧੇ ਤੌਰ 'ਤੇ ਪ੍ਰਭਾਵਤ ਹੋਏ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਦੋ-ਦੇਸ਼ਾਂ (ਨਿਈਜ਼ੀਲੈਂਡ ਅਤੇ ਆਸਟਰੇਲੀਆ) ਦੀ ਸਾਂਝੀ ਯੋਜਨਾ ਦੇ ਹਿੱਸੇ ਵਜੋਂ ਆਸਟਰੇਲੀਆ ਵਾਪਸ ਆ ਗਏ ਹਨ। ਜਤਿਨ ਦਾ ਜਨਮ ਭਾਰਤੀ ਸ਼ਹਿਰ ਆਗਰਾ ਵਿੱਚ ਹੋਇਆ, ਜਦੋਂ ਕਿ ਮੋਹਿਤਾ ਨਵੀਂ ਦਿੱਲੀ ਦਾ ਜਨਮ ਹੋਇਆ।

ਜਿਕਰਯੋਗ ਹੈ ਨਿਊਜ਼ੀਲੈਂਡ ਦੇ ਇੱਕ ਹਸਪਤਾਲ ਵਿੱਚ ਇੰਡੋ-ਅਮਰੀਕਨ ਜੋੜਾ ਇਲਾਜ ਅਧੀਨ ਹੈ। ਉਨ੍ਹਾਂ ਦਾ ਨਿਊਜੀਲੈਂਡ 'ਚ ਰਹਿੰਦੇ ਉਨਹਾਂ ਦੇ ਰਿਸ਼ਤੇਦਾਰਾਂ ਦੁਆਰਾ ਇਲਾਜ ਕਰਵਾਇਆ ਜਾ ਰਿਹਾ ਹੈ। ਹਾਲਾਂਕਿ ਇਸ ਗੱਲ ਦੀ ਕੋਈ ਪੱਕੀ ਪੁਸ਼ਟੀ ਨਹੀਂ ਹੋ ਸਕੀ ਕਿ ਭਾਰਤੀ ਮੂਲ ਦੇ ਇਹ ਲੋਕ ਇੱਸ ਟਾਪੂ 'ਤੇ ਕਿਵੇਂ ਪਹੁੰਚੇ ਸਨ।

